ਮਿੱਠੇ ਬੱਚੇ:- "ਮਿੱਠੇ ਬੱਚੇ - ਬਾਪ ਦਾ ਬਣ ਕੇ ਬਾਪ ਦਾ ਨਾਮ ਬਾਲਾ ਕਰੋ। ਨਾਮ ਬਾਲਾ ਹੋਵੇਗਾ ਸੰਪੂਰਨ ਪਵਿੱਤਰ ਬਣਨ ਨਾਲ, ਤੁਹਾਨੂੰ ਸੰਪੂਰਨ ਮਿੱਠਾ ਵੀ ਬਣਨਾ ਹੈ।"

ਪ੍ਰਸ਼ਨ:- ਸੰਗਮਯੁੱਗ ਤੇ ਤੁਸੀਂ ਬੱਚਿਆਂ ਨੂੰ ਕਿਹੜੀ ਫ਼ਿਕਰ ਹੈ ਜੋ ਸਤਿਯੁਗ ਵਿੱਚ ਨਹੀਂ ਹੋਵੇਗੀ?

ਉੱਤਰ:- ਸੰਗਮ ਤੇ ਤੁਹਾਨੂੰ ਪਾਵਨ ਬਣਨ ਦਾ ਹੀ ਫ਼ਿਕਰ ਹੈ, ਬਾਪ ਨੇ ਤੁਹਾਨੂੰ ਹੋਰ ਸਾਰੀਆਂ ਗੱਲਾਂ ਤੋਂ ਬੇਫ਼ਿਕਰ ਬਣਾ ਦਿੱਤਾ ਹੈ। ਤੁਸੀਂ ਪੁਰਸ਼ਾਰਥ ਕਰਦੇ ਹੋ ਕਿ ਇਹ ਪੁਰਾਣਾ ਸ਼ਰੀਰ ਖੁਸ਼ੀ - ਖੁਸ਼ੀ ਨਾਲ ਛੁੱਟੇ। ਤੁਸੀਂ ਜਾਣਦੇ ਹੋ ਪੁਰਾਣਾ ਕਪੜਾ ਉਤਾਰ ਨਵਾਂ ਲਵਾਂਗੇ। ਹਰੇਕ ਬੱਚੇ ਨੇ ਆਪਣੇ ਦਿਲ ਤੋਂ ਪੁੱਛਣਾ ਹੈ ਕਿ ਸਾਨੂੰ ਕਿੰਨੀ ਖੁਸ਼ੀ ਰਹਿੰਦੀ ਹੈ, ਅਸੀਂ ਬਾਪ ਨੂੰ ਕਿੰਨਾ ਯਾਦ ਕਰਦੇ ਹਾਂ।

ਓਮ ਸ਼ਾਂਤੀ। ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਨੂੰ ਬਾਪ ਬੈਠ ਸਮਝਾਉਂਦੇ ਹਨ। ਪੜਾਉਂਦੇ ਵੀ ਹਨ ਤੇ ਸਮਝਾਉਂਦੇ ਵੀ ਹਨ। ਪੜ੍ਹਾਉਂਦੇ ਹਨ ਰਚਤਾ ਅਤੇ ਰਚਨਾ ਦੇ ਆਦਿ, ਮੱਧ, ਅੰਤ ਦਾ ਰਾਜ਼। ਸਮਝਾਉਂਦੇ ਹਨ ਸਰਵਗੁਣ ਸੰਪੰਨ ਬਣੋ, ਦੈਵੀਗੁਣ ਧਾਰਨ ਕਰੋ। ਯਾਦ ਕਰਦੇ - ਕਰਦੇ ਤੁਸੀਂ ਸਤੋਪ੍ਰਧਾਨ ਬਣ ਜਾਵੋਗੇ। ਤੁਸੀਂ ਜਾਣਦੇ ਹੋ ਇਸ ਵਕਤ ਇਹ ਤਮੋਪ੍ਰਧਾਨ ਸ੍ਰਿਸ਼ਟੀ ਹੈ, ਸਤੋਪ੍ਰਧਾਨ ਸ੍ਰਿਸ਼ਟੀ ਸੀ ਜੋ ਹੁਣ 5000 ਸਾਲ ਵਿੱਚ ਤਮੋਪ੍ਰਧਾਨ ਬਣੀ ਹੈ। ਇਹ ਹੈ ਪੁਰਾਣੀ ਦੁਨੀਆ। ਸਭ ਦੇ ਲਈ ਕਹਾਂਗੇ ਨਾ। ਇਹ ਨਵੀਂ ਦੁਨੀਆ ਵਿੱਚ ਸਨ ਜਾਂ ਸ਼ਾਂਤੀਧਾਮ ਵਿੱਚ ਸਨ। ਬਾਪ ਰੂਹਾਂ ਨੂੰ ਹੀ ਬੈਠ ਸਮਝਾਉਂਦੇ ਹਨ ਕਿ ਹੇ ਰੂਹਾਨੀ ਬੱਚੇ ਤੁਸੀਂ ਸਤੋਪ੍ਰਧਾਨ ਜਰੂਰ ਬਣਨਾ ਹੈ। ਬਾਪ ਤੋਂ ਵਰਸਾ ਜਰੂਰ ਲੈਣਾ ਹੈ। ਮੈਨੂੰ ਆਪਣੇ ਬਾਪ ਨੂੰ ਯਾਦ ਜਰੂਰ ਕਰਨਾ ਹੈ। ਲੌਕਿਕ ਬੱਚੇ ਵੀ ਯਾਦ ਕਰਦੇ ਹਨ। ਜਿੰਨੇ ਵੱਡੇ ਹੁੰਦੇ ਜਾਂਦੇ ਹੱਦ ਦਾ ਵਰਸਾ ਪਾਉਣ ਦੇ ਹੱਕਦਾਰ ਹੁੰਦੇ ਜਾਂਦੇ ਹਾਂ। ਤੁਸੀਂ ਹੋ ਬੇਹੱਦ ਦੇ ਬਾਪ ਦੇ ਬੱਚੇ। ਬਾਪ ਤੋਂ ਬੇਹੱਦ ਦਾ ਵਰਸਾ ਲੈਣਾ ਹੈ। ਹੁਣ ਭਗਤੀ ਆਦਿ ਕਰਨ ਦੀ ਲੋੜ ਨਹੀਂ ਹੈ, ਇਹ ਤਾਂ ਬੱਚੇ ਸਮਝ ਗਏ ਹਨ-ਇਹ ਯੂਨੀਵਰਸਿਟੀ ਹੈ ਸਭ ਮਨੁੱਖਾਂ ਨੇ ਪੜ੍ਹਨਾ ਹੈ। ਬੇਹੱਦ ਦੀ ਬੁੱਧੀ ਧਾਰਨ ਕਰਨੀ ਹੈ। ਹੁਣ ਇਹ ਪੁਰਾਣੀ ਦੁਨੀਆ ਬਦਲਣੀ ਹੈ। ਜੋ ਹੁਣ ਤਮੋਪ੍ਰਧਾਨ ਹਨ, ਉਹ ਫਿਰ ਸਤੋਪ੍ਰਧਾਨ ਹੋਣਗੇ। ਬੱਚੇ ਜਾਣਦੇ ਹਨ ਹੁਣ ਅਸੀਂ ਬੇਹੱਦ ਦੇ ਬਾਪ ਤੋਂ ਸੁੱਖ ਦਾ ਵਰਸਾ ਪਾ ਰਹੇ ਹਾਂ। ਹੁਣ ਅਸੀਂ ਇੱਕ ਰੂਹਾਨੀ ਬਾਪ ਦੀ ਮੱਤ ਤੇ ਹੀ ਚੱਲਣਾ ਹੈ। ਇਸ ਰੂਹਾਨੀ ਯਾਦ ਦੀ ਯਾਤਰਾ ਨਾਲ ਹੀ ਤੁਹਾਡੀ ਆਤਮਾ ਸਤੋਪ੍ਰਧਾਨ ਹੁੰਦੀ ਜਾਂਦੀ ਹੈ ਫਿਰ ਸਤੋਪ੍ਰਧਾਨ ਦੁਨੀਆ ਵਿਚ ਜਾਣਾ ਹੈ। ਤੁਹਾਡੀ ਸਮਝ ਵਿੱਚ ਆਉਂਦਾ ਹੈ ਕਿ ਅਸੀਂ ਬ੍ਰਾਹਮਣ ਹਾਂ। ਅਸੀਂ ਬਾਪ ਦੇ ਬਣੇ ਹਾਂ ਪੜ੍ਹਾਈ ਪੜ੍ਹ ਰਹੇ ਹਾਂ ਅਤੇ ਪੜ੍ਹਨ ਨੂੰ ਹੀ ਗਿਆਨ ਕਿਹਾ ਜਾਂਦਾ ਹੈ। ਭਗਤੀ ਵੱਖ ਹੈ। ਤੁਹਾਨੂੰ ਬ੍ਰਾਹਮਣਾਂ ਨੂੰ ਬਾਪ ਗਿਆਨ ਸੁਣਾਉਂਦੇ ਹਨ ਹੋਰ ਕਿਸੇ ਨੂੰ ਇਸ ਗਿਆਨ ਦਾ ਪਤਾ ਨਹੀਂ ਹੈ। ਉਹ ਇਹ ਨਹੀਂ ਜਾਣਦੇ ਕਿ ਗਿਆਨ ਸਾਗਰ ਬਾਪ ਜੋ ਟੀਚਰ ਵੀ ਹਨ, ਉਹ ਕਿਵੇਂ ਪੜ੍ਹਾਉਂਦੇ ਹਨ। ਬਾਬਾ ਟੋਪਿਕਸ ਤਾਂ ਬਹੁਤ ਸਮਝਾਉਂਦੇ ਰਹਿੰਦੇ ਹਨ। ਨੰਬਰਵਨ ਗੱਲ ਹੈ ਬਾਪ ਦਾ ਬਣ ਕੇ ਬਾਪ ਦਾ ਨਾਮ ਬਾਲਾ ਕਰਨਾ। ਸੰਪੂਰਨ ਪਵਿੱਤਰ ਬਣਨਾ। ਸੰਪੂਰਨ ਮਿੱਠਾ ਵੀ ਬਣਨਾ। ਇਹ ਹੈ ਇਸ਼ਵਰੀਏ ਪੜ੍ਹਾਈ। ਭਗਵਾਨ ਬੈਠ ਪੜ੍ਹਾਉਂਦੇ ਹਨ। ਉਸ ਉੱਚੇ ਤੋਂ ਉੱਚੇ ਬਾਪ ਨੂੰ ਯਾਦ ਕਰਨਾ ਹੈ। ਹੈ ਸੈਕਿੰਡ ਦੀ ਗੱਲ਼। ਆਪਣੇ ਨੂੰ ਆਤਮਾ ਸਮਝੋ। ਤੁਸੀਂ ਜਾਣਦੇ ਹੋ ਅਸੀਂ ਆਤਮਾਵਾਂ ਸ਼ਾਂਤੀਧਾਮ ਵਿੱਚ ਰਹਿੰਦੀਆਂ ਹਾਂ। ਫਿਰ ਇਥੇ ਆਉਂਦੀਆ ਹਾਂ ਪਾਰਟ ਵਜਾਉਣ। ਪੁਨਰਜਨਮ ਵਿੱਚ ਆਉਂਦੇ ਹੀ ਰਹਿੰਦੇ ਹਾਂ। ਨੰਬਰਵਾਰ84 ਜਨਮਾਂ ਦਾ ਪਾਰਟ ਅਸੀਂ ਪੂਰਾ ਕੀਤਾ ਹੈ। ਇਸ ਪੜ੍ਹਾਈ ਨੂੰ ਵੀ ਸਮਝਣਾ ਹੈ, ਪਾਰਟ ਨੂੰ ਵੀ ਸਮਝਣਾ ਹੈ। ਡਰਾਮੇ ਦਾ ਰਾਜ਼ ਵੀ ਬੁੱਧੀ ਵਿੱਚ ਹੈ। ਜਾਣਦੇ ਹੋ ਇਹ ਸਾਡਾ ਅੰਤਿਮ ਜਨਮ ਹੈ, ਇਸ ਵਿੱਚ ਬਾਪ ਮਿਲਿਆ ਹੈ। ਜਦੋਂ 84 ਜਨਮ ਪੂਰੇ ਕਰਦੇ ਹਾਂ ਤਾਂ ਪੁਰਾਣੀ ਦੁਨੀਆ ਬਦਲਦੀ ਹੈ। ਤੁਸੀਂ ਇਸ ਬੇਹੱਦ ਦੇ ਡਰਾਮੇ ਨੂੰ, 84 ਜਨਮਾਂ ਨੂੰ ਅਤੇ ਪੜ੍ਹਾਈ ਨੂੰ ਜਾਣਦੇ ਹੋ। 84 ਜਨਮ ਲੈਂਦੇ - ਲੈਂਦੇ ਹੁਣ ਪਿੱਛੇ ਆ ਕੇ ਠਹਿਰੇ ਹੋ। ਹੁਣ ਪੜ੍ਹ ਰਹੇ ਹੋ ਫਿਰ ਨਵੀਂ ਦੁਨੀਆ ਵਿਚ ਜਾਓਗੇ। ਨਵੇਂ - ਨਵੇਂ ਆਉਂਦੇ ਰਹਿੰਦੇ ਹਨ। ਕੁੱਝ ਨਾ ਕੁੱਝ ਨਿਸ਼ਚੇ ਹੁੰਦਾ ਰਹਿੰਦਾ ਹੈ। ਕੋਈ ਤਾਂ ਇਸ ਪੜ੍ਹਾਈ ਵਿਚ ਲੱਗ ਜਾਂਦੇ ਹਨ। ਬੁੱਧੀ ਵਿੱਚ ਹੈ ਅਸੀਂ ਸਤੋਪ੍ਰਧਾਨ, ਪਵਿੱਤਰ ਬਣ ਰਹੇ ਹਾਂ। ਅਸੀਂ ਪਵਿੱਤਰ ਬਣਦੇ - ਬਣਦੇ ਉੱਨਤੀ ਨੂੰ ਪਾਉਂਦੇ ਰਹਾਂਗੇ।

ਬਾਬਾ ਨੇ ਸਮਝਾਇਆ ਹੈ ਤੁਸੀਂ ਯਾਦ ਕਰਦੇ ਹੋ ਤਾਂ ਤੁਹਾਡੀ ਆਤਮਾ ਪਵਿੱਤਰ ਬਣਦੀ ਜਾਂਦੀ ਹੈ। ਬੱਚਿਆਂ ਦੀ ਬੁੱਧੀ ਵਿੱਚ ਸਾਰਾ ਡਰਾਮਾ ਬੈਠਿਆ ਹੋਇਆ ਹੈ। ਇਹ ਵੀ ਜਾਣਦੇ ਹੋ ਕਿ ਇਸ ਦੁਨੀਆ ਦਾ ਤੁਸੀਂ ਸਭ ਕੁੱਝ ਛੱਡ ਕੇ ਆਏ ਹੋ। ਜੋ ਇਨ੍ਹਾਂ ਅੱਖਾਂ ਨਾਲ ਵੇਖਦੇ ਹੋ ਉਹ ਵੇਖਣ ਵਾਲਾ ਹੈ ਨਹੀਂ। ਇਹ ਸਭ ਖਤਮ ਹੋ ਜਾਣ ਵਾਲਾ ਹੈ। ਹੁਣ ਤੁਹਾਡਾ ਅੰਤਿਮ ਜਨਮ ਹੈ, ਹੋਰ ਕੋਈ ਵੀ ਇਸ ਬੇਹੱਦ ਦੇ ਡਰਾਮੇ ਨੂੰ ਨਹੀਂ ਜਾਣਦੇ ਹਨ। ਤੁਸੀ ਹੁਣ ਸਾਰੇ ਚੱਕਰ ਨੂੰ ਜਾਣਦੇ ਹੋ, ਬਾਪ ਆਏ ਹਨ ਤੁਹਾਨੂੰ ਤਮੋਪ੍ਰਧਾਨ ਤੋਂ ਸਤੋਪ੍ਰਧਾਨ ਬਨਾਉਣ। ਜਿਵੇਂ ਉਹ ਇਮਤਿਹਾਨ 12 ਮਹੀਨੇ ਬਾਦ ਹੁੰਦਾ ਹੈ। ਤੁਹਾਡੀ ਯਾਦ ਦੀ ਯਾਤਰਾ ਵੀ ਹਾਲੇ ਪੂਰੀ ਨਹੀਂ ਹੋਈ ਹੈ। ਬਹੁਤ ਕੁੱਝ ਯਾਦ ਰਹਿੰਦਾ ਹੈ ਫਿਰ ਪੱਕਾ ਹੁੰਦਾ ਜਾਵੇਗਾ ਤਾਂ ਕੁੱਝ ਵੀ ਯਾਦ ਨਹੀਂ ਆਵੇਗਾ। ਇੱਕਦਮ ਆਤਮਾ ਅਸ਼ਰੀਰੀ ਆਈ ਅਸ਼ਰੀਰੀ ਜਾਣਾ ਹੈ। ਤੁਸੀਂ ਸਾਰੇ ਸ੍ਰਿਸ਼ਟੀ ਦੇ ਮਨੁੱਖਾਂ ਮਾਤਰ ਦੇ ਪਾਰਟ ਨੂੰ ਜਾਣਦੇ ਹੋ। ਬਹੁਤ ਮਨੁੱਖ ਵਧਦੇ ਜਾਂਦੇ ਹਨ, ਕਰੋੜਾਂ ਹੋ ਗਏ ਹਨ, ਸਤਿਯੁਗ ਵਿੱਚ ਤਾਂ ਬਹੁਤ ਥੋੜ੍ਹੇ ਹਨ। ਪੁਨਰਜਨਮ ਲੈਂਦੇ - ਲੈਂਦੇ ਹੋਰ ਧਰਮਾਂ ਦੇ ਮਠ- ਪੰਥ, ਟਾਲ - ਟਾਲੀਆਂ ਵਧਦੇ - ਵਧਦੇ ਝਾੜ ਬਹੁਤ ਵੱਡਾ ਹੋ ਗਿਆ ਹੈ। ਆਦਿ ਸਨਾਤਨ ਦੇਵੀ - ਦੇਵਤਾ ਧਰਮ ਹੀ ਤਕਰੀਬਨ ਲੋਪ ਹੋ ਗਿਆ ਹੈ। ਅਸੀਂ ਹੀ ਦੇਵੀ - ਦੇਵਤਾ ਧਰਮ ਦੇ ਸੀ,

ਸਤੋਪ੍ਰਧਾਨ ਸੀ। ਹੁਣ ਉਹ ਧਰਮ ਹੀ ਤਮੋਪ੍ਰਧਾਨ ਹੋ ਗਿਆ ਹੈ। ਹੁਣ ਫਿਰ ਸਤੋਪ੍ਰਧਾਨ ਬਣਨਾ ਹੈ ਅਤੇ ਬਣਨ ਦੇ ਲਈ ਹੀ ਅਸੀ ਪੜ੍ਹ ਰਹੇ ਹਾਂ। ਜਿਨ੍ਹਾਂ ਪੜਾਂਗੇ, ਪੜ੍ਹਾਵਾਂਗੇ, ਉਤਨਾ ਬਹੁਤਿਆਂ ਦਾ ਕਲਿਆਣ ਹੋਵੇਗਾ। ਬਹੁਤ ਪਿਆਰ ਨਾਲ ਸਮਝਾਉਣਾ ਹੈ। ਐਰੋਪਲੇਨ ਨਾਲ ਪਰਚੇ ਸੁੱਟਣੇ ਹਨ। ਉਸ ਵਿੱਚ ਵੀ ਇਹ ਸਮਝਾਉਣਾ ਹੈ ਕਿ ਤੁਸੀ ਜਨਮ - ਜਨਮਾਂਤਰ ਭਗਤੀ ਕਰਦੇ ਆਏ ਹੋ। ਗੀਤਾ ਪੜ੍ਹਨਾ ਵੀ ਭਗਤੀ ਹੈ। ਇਵੇਂ ਨਹੀਂ ਕਿ ਗੀਤਾ ਪੜ੍ਹਨ ਨਾਲ ਕੋਈ ਮਨੁੱਖ ਤੋਂ ਦੇਵਤਾ ਬਣਾਂਗੇ। ਡਰਾਮਾ ਅਨੁਸਾਰ ਜਦੋਂ ਬਾਪ ਆਉਂਦੇ ਹਨ ਉਦੋਂ ਹੀ ਆਕੇ ਤਰੀਕਾ ਦੱਸਦੇ ਹਨ, ਸਤੋਪ੍ਰਧਾਨ ਬਣਨ ਦਾ। ਫਿਰ ਸਤੋਪ੍ਰਧਾਨ ਪਦਵੀ ਮਿਲ ਜਾਂਦੀ ਹੈ।

ਤੁਸੀਂ ਜਾਣਦੇ ਹੋ ਇਸ ਪੜ੍ਹਾਈ ਨਾਲ ਅਸੀਂ ਇਹ ਬਣਨ ਵਾਲੇ ਹਾਂ। ਇਹ ਹੈ ਇਸ਼ਵਰੀਏ ਪਾਠਸ਼ਾਲਾ। ਭਗਵਾਨ ਪੜ੍ਹਾ ਕੇ ਤੁਹਾਨੂੰ ਨਰ ਤੋਂ ਨਰਾਇਣ ਬਣਾਉਂਦੇ ਹਨ। ਅਸੀਂ ਸਤੋਪ੍ਰਧਾਨ ਸੀ ਤਾਂ ਸਵਰਗ ਸੀ। ਤਮੋਪ੍ਰਧਾਨ ਬਣੇ ਤਾਂ ਨਰਕ ਹੈ। ਫਿਰ ਚੱਕਰ ਨੇ ਫਿਰਨਾ ਹੈ, ਬਾਪ ਹੀ ਆ ਕੇ ਮਨੁੱਖ ਤੋ ਦੇਵਤਾ, ਵਿਸ਼ਵ ਦਾ ਮਾਲਿਕ ਬਨਾਉਣ ਦਾ ਪੁਰਸ਼ਾਰਥ ਕਰਵਾਉਂਦੇ ਹਨ। ਬਾਪ ਨੂੰ ਯਾਦ ਕਰਨਾ ਹੈ ਅਤੇ ਦੈਵੀਗੁਣ ਧਾਰਨ ਕਰਨੇ ਹਨ। ਲੜਨਾ - ਝਗੜਨਾ ਨਹੀਂ ਹੈ। ਦੇਵਤਾ ਕਦੇ ਵੀ ਲੜਦੇ - ਝਗੜਦੇ ਨਹੀਂ। ਤੁਸੀਂ ਵੀ ਓਹ ਹੀ ਬਣਨਾ ਹੈ। ਤੁਸੀਂ ਹੀ ਅਜਿਹੇ ਸਰਵਗੁਣ ਸੰਪੰਨ ਸੀ, ਫਿਰ ਬਣਨਾ ਹੈ ਸ਼੍ਰੀਮਤ ਤੇ। ਆਪਣੇ ਆਪ ਤੋਂ ਪੁੱਛਣਾ ਪਵੇਗਾ ਕਿ ਸਾਨੂੰ ਕਿੱਥੋਂ ਤੱਕ ਖੁਸ਼ੀ ਹੈ? ਕਿੱਥੋਂ ਤੱਕ ਨਿਸ਼ਚੇ ਹੈ? ਇਹ ਤਾਂ ਸਾਰਾ ਦਿਨ ਯਾਦ ਰਹਿਣਾ ਚਾਹੀਦਾ ਹੈ। ਪਰ ਮਾਇਆ ਐਸੀ ਹੈ ਜੋ ਭੁਲਾ ਦਿੰਦੀ ਹੈ। ਤੁਸੀਂ ਜਾਣਦੇ ਹੋ ਬਾਪ ਦੇ ਨਾਲ ਅਸੀਂ ਵਿਸ਼ਵ ਦੇ ਖ਼ਿਦਮਤਗਾਰ ਹਾਂ। ਪਹਿਲੋਂ ਤੁਸੀਂ ਹੱਦ ਦੀ ਪੜ੍ਹਾਈ ਪੜ੍ਹਦੇ ਸੀ, ਹੁਣ ਬੇਹੱਦ ਦੀ ਪੜ੍ਹਾਈ, ਬੇਹੱਦ ਦੇ ਬਾਪ ਕੋਲੋਂ ਪੜ੍ਹਦੇ ਹੋ। ਇਹ ਪੁਰਾਣਾ ਸ਼ਰੀਰ ਹੈ, ਜੋ ਆਪਣੇ ਸਮੇਂ ਤੇ ਛੁੱਟਣ ਵਾਲਾ ਹੈ, ਆਪੇ ਹੀ ਨਾ ਛੁੱਟੇ। ਅਸੀਂ ਖੁਸ਼ੀ ਨਾਲ ਇਸ ਸ਼ਰੀਰ ਨੂੰ ਛੱਡ ਦਈਏ। ਅਸੀਂ ਇਸ ਛੀ-ਛੀ ਸ਼ਰੀਰ ਨੂੰ ਛੱਡ ਪੁਰਾਣੀ ਦੁਨੀਆ ਨੂੰ ਵੀ ਛੱਡ ਖੁਸ਼ੀ ਨਾਲ ਜਾਂਦੇ ਹਾਂ। ਕੋਈ ਵੱਡਾ ਦਿਨ ਹੁੰਦਾ ਹੈ ਤਾਂ ਖੁਸ਼ੀ ਨਾਲ ਨਵੇਂ ਕਪੜੇ ਪਾਉਂਦੇ ਹਾਂ ਨਾ। ਇਥੇ ਤੁਸੀਂ ਜਾਣਦੇ ਹੋ ਸਾਨੂੰ ਨਵੀਂ ਦੁਨੀਆ ਵਿਚ ਨਵਾਂ ਸ਼ਰੀਰ ਮਿਲੇਗਾ। ਸਾਨੂੰ ਇੱਕ ਹੀ ਫੁਰਨਾ ਹੈ ਪਾਵਨ ਬਣਨ ਦਾ ਹੋਰ ਸਾਰੇ ਫਿਕਰਾਂ ਤੋਂ ਅਸੀਂ ਫਾਰਗ ਹੋ ਜਾਂਦੇ ਹਾਂ। ਇਹ ਸਭ ਖ਼ਲਾਸ ਹੋ ਜਾਣਾ ਹੈ। ਫ਼ਿਕਰ ਕਿਸ ਦਾ ਰੱਖੀਏ। ਅੱਧਾ ਕਲਪ ਅਸੀਂ ਭਗਤੀ ਮਾਰਗ ਵਿਚ, ਫ਼ਿਕਰ ਵਿਚ ਰਹੇ। ਫਿਰ ਅੱਧਾ ਕਲਪ ਕੋਈ ਫਿਕਰਾਤ ਨਹੀਂ ਰਹੇਗੀ। ਬਾਕੀ ਥੋੜਾ ਸਮਾਂ ਹੈ, ਪਾਵਨ ਬਣਨ ਦਾ ਥੋੜਾ ਫ਼ਿਕਰ ਹੈ। ਫਿਰ ਇੱਕ ਵੀ ਫ਼ਿਕਰ ਨਹੀਂ ਰਹੇਗਾ। ਇਹ ਸੁੱਖ ਦੁੱਖ ਦੀ ਖੇਡ ਹੈ। ਸਤਿਯੁਗ ਵਿੱਚ ਹੈ, ਸੁੱਖ ਕਲਯੁਗ ਵਿੱਚ ਹੈ ਦੁੱਖ। ਬਾਬਾ ਨੇ ਸਮਝਾਇਆ ਹੈ ਤੁਸੀਂ ਪੁੱਛ ਸਕਦੇ ਹੋ ਸਤਿਯੁਗ ਸੁੱਖਧਾਮ ਦੇ ਰਹਿਣ ਵਾਲੇ ਹਾਂ ਜਾਂ ਕਲਯੁਗ ਦੁੱਖਧਾਮ ਦੇ ? ਇਹ ਤੁਸੀਂ ਨਵੀਆਂ ਨਵੀਆਂ ਗੱਲਾਂ ਸੁਣਾਉਂਦੇ ਹੋ। ਜਰੂਰ ਕਹਿਣਗੇ ਹੁਣ ਦੁੱਖ ਧਾਮ ਦੇ ਵਾਸੀ ਹਾਂ। ਬਹੁਤ ਪਿਆਰ ਨਾਲ ਪੁੱਛਿਆ ਜਾਂਦਾ ਹੈ ਜੋ ਮਨੁੱਖ ਆਪੇ ਹੀ ਸਮਝਣ ਕਿ ਅਸੀਂ ਕਿੱਥੋਂ ਦੇ ਵਾਸੀ ਹਾਂ। ਕਹਿਣਗੇ ਇਹਨਾਂ ਦੇ ਪ੍ਰਸ਼ਨ ਪੁੱਛਣ ਦਾ ਤਰੀਕਾ ਬਹੁਤ ਚੰਗਾ ਹੈ। ਚਾਹੇ ਕਿੰਨਾ ਵੀ ਵੱਡਾ ਆਦਮੀ ਹੋਵੇ ਅਮੀਰ ਹੋਵੇ, ਪਰ ਹੈ ਤਾਂ ਨਰਕਵਾਸੀ ਨਾ। ਸਵਰਗ ਤਾਂ ਨਵੀਂ ਦੁਨੀਆ ਨੂੰ ਕਿਹਾ ਜਾਂਦਾ ਹੈ। ਹੁਣ ਕਲਯੁੱਗ ਪੁਰਾਣੀ ਦੁਨੀਆ ਹੈ, ਇਹ ਪ੍ਰਸ਼ਨ ਤਾਂ ਬਹੁਤ ਵਧੀਆ ਹਨ। ਸੀੜੀ ਵਿੱਚ ਵੀ ਸਾਫ਼ ਹੈ। ਤੁਸੀਂ ਸੁੱਖਧਾਮ ਵਿੱਚ ਹੋ ਜਾਂ ਦੁੱਖਧਾਮ ਵਿੱਚ ਹੋ? ਇਹ ਨਰਕ ਹੈ ਜਾ ਸਵਰਗ ਹੈ? ਤੁਸੀਂ ਡੀ. ਟੀ. ਹੋ ਜਾਂ ਡੇਵਿਲ ਹੋ? ਇਹ ਪੁੱਛਣਾ ਹੈ। ਜਰੂਰ ਸਤਿਯੁਗ ਨੂੰ ਪਾਵਨ ਦੁਨੀਆ ਕਹਾਂਗੇ। ਕਲਯੁੱਗ ਨੂੰ ਨਰਕ ਪਤਿਤ ਦੁਨੀਆ ਕਹਾਂਗੇ। ਤਾਂ ਪੁੱਛਣਾ ਹੈ ਸਤਿਯੁਗ ਸਵਰਗ ਪਾਵਨ ਦੁਨੀਆ ਦੇ ਰਹਿਣ ਵਾਲੇ ਹੋ ਜਾਂ ਕਲਯੁੱਗ ਪਤਿਤ ਦੁਨੀਆ ਦੇ ਵਾਸੀ ਹੋ? ਚਾਹੇ ਕਿੰਨਾ ਵੀ ਅਮੀਰ ਹੋਵੇ ਪਰ ਵਾਸੀ ਕਿਥੋਂ ਦੇ ਹੋ? ਹੁਣ ਤੁਹਾਨੂੰ ਗਿਆਨ ਮਿਲਿਆ ਹੈ, ਪਹਿਲਾਂ ਇਹ ਗੱਲਾਂ ਖਿਆਲ ਵਿੱਚ ਵੀ ਨਹੀਂ ਸਨ। ਹੁਣ ਤੁਸੀਂ ਸਮਝਦੇ ਹੋ ਕਿ ਅਸੀਂ ਸੰਗਮ ਤੇ ਹਾਂ। ਜੋ ਕਲਯੁੱਗ ਵਿਚ ਹਨ, ਉਹ ਪਤਿਤ ਨਰਕਵਾਸੀ ਹਨ, ਫਿਰ ਪਾਵਨ ਬਣਨਾ ਹੈ। ਤਾਂ ਹੀ ਤੇ ਪੁਕਾਰਦੇ ਹਨ- ਹੇ ਪਤਿਤ ਪਾਵਨ ਆਓ, ਆਕੇ ਸਾਨੂੰ ਪਾਵਨ ਬਣਾਓ। ਇਹ ਵੀ ਸਮਝਾਉਣਾ ਹੈ ਤੁਹਾਡੇ ਕੋਲ ਕਿੰਨੇ ਢੇਰ ਮਨੁੱਖ ਆਉਂਦੇ ਹਨ ਫਿਰ ਵੀ ਕਰੋੜਾਂ ਵਿਚੋਂ ਕੋਈ ਨਿਕਲਦੇ ਹਨ। ਮੈਂ ਜੋਂ ਹਾਂ, ਜਿਵੇਂ ਦਾ ਹਾਂ, ਜੋਂ ਸਿਖਾਉਂਦਾ ਹਾਂ – ਉਸ ਤੇ ਕੋਈ ਵਿਰਲਾ ਹੀ ਚਲਦਾ ਹੈ। ਪ੍ਰਭਾਤ ਫੇਰੀ ਵਿੱਚ ਵੀ ਇਹ ਹੀ ਦਿਖਾਓ ਕਿ ਅਸੀਂ ਇਸ ਪੜ੍ਹਾਈ ਨਾਲ ਸਵਰਗਵਾਸੀ ਬਣ ਰਹੇ ਹਾਂ। ਸਤਿਯੁਗ - ਤ੍ਰੇਤਾ ਦਵਾਪਰ- ਕਲਯੁੱਗ.. ਇਹ ਚੱਕਰ ਫਿਰਦਾ ਹੈ ਨਾ। ਤੁਹਾਡੀ ਬੁੱਧੀ ਵਿੱਚ ਸਾਰਾ ਚੱਕਰ ਹੈ। ਫਿਰ ਤੋਂ ਤੁਸੀ ਸੁੱਖਧਾਮ ਅਤੇ ਸ਼ਾਂਤੀਧਾਮ ਦੇ ਮਾਲਿਕ ਬਣਦੇ ਹੋ। ਸੁੱਖਧਾਮ ਦੇ ਵਿਚ ਦੁੱਖ ਦਾ ਨਾਮ ਨਹੀਂ। ਜੇਕਰ ਪੂਰਾ ਪੜਾਂਗੇ ਨਹੀਂ ਤਾਂ ਪਦਵੀ ਵੀ ਘੱਟ ਪਾਵਾਂਗੇ। ਇਹ ਤਾਂ ਆਮ ਗੱਲ ਹੈ, ਇਸਲਈ ਬੇਹੱਦ ਦੀ ਪੜ੍ਹਾਈ ਪੜ੍ਹ ਕੇ ਬੇਹੱਦ ਦਾ ਵਰਸਾ ਲੈ ਲਓ। ਸਿਰਫ਼ ਆਪਣੇ ਨੂੰ ਆਤਮਾ ਸਮਝ ਬੇਹੱਦ ਦੇ ਬਾਪ ਨੂੰ ਯਾਦ ਕਰਨਾ ਹੈ। ਬਹੁਤ ਮਿੱਠਾ ਬਾਬਾ ਹੈ। ਉਨ੍ਹਾਂ ਦਾ ਡਾਇਰੈਕਸ਼ਨ ਹੈ ਕਿ ਦੇਹ ਸਹਿਤ ਦੇਹ ਦੇ ਸਾਰੇ ਸਬੰਧ ਖ਼ਲਾਸ ਕਰ ਦਿਓ। ਆਤਮਾ ਤਾਂ ਅਵਿਨਾਸ਼ੀ ਹੈ। ਹੁਣੇ - ਹੁਣੇ ਸ਼ਰੀਰ ਲਿਆ ਹੈ, ਹੁਣੇ ਛੱਡ ਦਿੱਤਾ। ਦੇਰ ਥੋੜ੍ਹੀ ਨਾ ਲਗਦੀ ਹੈ। ਇਸ ਵਕਤ ਤਾਂ ਦਿਨ ਪ੍ਰਤੀ ਦਿਨ ਸਭ ਤਮੋਪ੍ਰਧਾਨ ਬਣਦੇ ਜਾਂਦੇ ਹਨ। ਜਦੋਂ ਅਸੀਂ ਸਤੋਪ੍ਰਧਾਨ ਸੀ ਤਾਂ ਸਾਡੀ ਉਮਰ ਵੱਡੀ ਹੁੰਦੀ ਸੀ ਅਤੇ ਹੁੰਦੇ ਵੀ ਬੜੇ ਥੋੜ੍ਹੇ ਸੀ। ਦੂਸਰਾ ਕੋਈ ਧਰਮ ਨਹੀਂ ਸੀ। ਤੁਹਾਡੀ ਉਮਰ ਹੁਣ ਦੇ ਪੁਰਸ਼ਾਰਥ ਨਾਲ ਹੀ ਵੱਧਦੀ ਹੈ। ਜਿਤਨਾ ਯਾਦ ਕਰੋਗੇ ਉਨੀ ਹੀ ਉਮਰ ਵੱਡੀ ਹੋਵੇਗੀ। ਜਦੋਂ ਤੁਸੀਂ ਸਤੋਪ੍ਰਧਾਨ ਸੀ ਤਾਂ ਤੁਹਾਡੀ ਉਮਰ ਬਹੁਤ ਵੱਡੀ ਸੀ। ਫਿਰ ਜਿੰਨਾਂ ਹੇਠਾਂ ਉਤਰਦੇ ਗਏ ਤਾਂ ਤੁਹਾਡੀ ਉਮਰ ਘੱਟ ਹੁੰਦੀ ਗਈ। ਰਜੋ ਵਿੱਚ ਉਤਰੇ ਤਾਂ ਉਮਰ ਘੱਟ, ਤਮੋ ਵਿੱਚ ਆਏ ਤਾਂ ਹੋਰ ਘੱਟ। ਜਿਵੇਂ ਨਾਰ ਦਾ ਮਿਸਾਲ ਹੈ (ਨਾਰ- ਰਾਹਟ) ਕੰਗਣੇ, (ਡੱਬੇ) ਭਰਦੇ ਹਨ ਅਤੇ ਖਾਲੀ ਹੁੰਦੇ ਜਾਂਦੇ ਹਨ। (ਨਾਰ-ਖੂਹ ਤੋਂ ਪਾਣੀ ਕੱਢਣ ਦਾ ਇੱਕ ਤਰੀਕਾ ਹੈ)। ਇਹ ਵੀ ਬੇਹੱਦ ਦਾ ਨਾਰ ( ਰਾਹਟ) ਹੈ। ਤੁਸੀਂ ਹਾਲੇ ਭਰ ਰਹੇ ਹੋ। ਭਰਦੇ- ਭਰਦੇ ਪੂਰੇ ਭਰ ਜਾਓਗੇ ਤਾਂ ਹੌਲੇ ਹੌਲੇ ਖਾਲੀ ਹੋਵੋਗੇ। ਇਸ ਦਾ ਮਿਸਾਲ ਬੈਟਰੀ ਨਾਲ ਵੀ ਕੀਤਾ ਜਾਂਦਾ ਹੈ। ਹੁਣ ਅਸੀਂ ਸਤੋਪ੍ਰਧਾਨ ਬਣ ਕੇ ਜਾਂਦੇ ਹਾਂ ਫਿਰ 84 ਜਨਮ ਲੈਂਦੇ ਹਾਂ। ਅੱਧਾਕਲਪ ਦੇ ਬਾਅਦ ਰਾਵਣ ਰਾਜ ਸ਼ੁਰੂ ਹੁੰਦਾ ਹੈ। ਰਾਵਣ ਰਾਜ ਵਿਚ ਸਭ ਨੂੰ ਕਹਾਂਗੇ ਕਿ ਨਰਕਵਾਸੀ ਹਨ। ਪਿੱਛੋਂ ਜੋ ਆਉਣਗੇ ਉਹ ਨਰਕ ਵਿੱਚ ਹੀ ਆਉਣਗੇ। ਪਹਿਲੇ ਤੁਸੀਂ ਸਵਰਗ ਵਿਚ ਜਾਂਦੇ ਹੋ। ਇਹ ਬਾਪ ਤੋਂ ਭਗਤੀ ਦਾ ਫਲ਼ ਮਿਲਦਾ ਹੈ। ਸਮਝਿਆ ਜਾਂਦਾ ਹੈ

ਇਸ ਨੇ ਬਹੁਤ ਭਗਤੀ ਕੀਤੀ ਹੈ ਤਾਂ ਗਿਆਨ ਵੀ ਲੈਂਦੇ ਹਨ। ਇਹ ਸਾਰਾ ਰਾਜ਼ ਤੁਹਾਨੂੰ ਬਾਪ ਨੇ ਸਮਝਾਇਆ ਹੈ। ਤੁਸੀਂ ਫਿਰ ਦੂਸਰਿਆਂ ਨੂੰ ਸਮਝਾਉਣਾ ਹੈ। ਮਨੁੱਖਾਂ ਨੇ ਕਈ ਤਰ੍ਹਾਂ ਦੇ ਪਾਪ ਹੀ ਪਾਪ ਕੀਤੇ ਹਨ। ਹੁਣ ਬਾਪ ਆਇਆ ਹੈ ਤੁਹਾਨੂੰ ਗਿਆਨ ਦੇਣ। ਬਾਪ ਜਦੋਂ ਆਉਂਦੇ ਹਨ ਤਾਂ ਹੀ ਆ ਕੇ ਪੜ੍ਹਾਉਂਦੇ ਹਨ। ਇੰਨਾ ਚਿਰ ਤਾਂ ਪਤਾ ਹੀ ਨਹੀਂ ਸੀ। ਪਾਪ ਆਤਮਾ ਬਣਦੇ ਹੀ ਗਏ ਹਾਂ। ਪੁੰਨ ਆਤਮਾ ਕਿਵੇਂ ਬਣਦੇ ਹਨ ਫਿਰ ਪਾਪ ਆਤਮਾ ਕਿਵੇਂ ਬਣਦੇ ਹਨ। ਕੌਣ ਸਤਿਯੁਗ ਦੇ ਰਹਿਣ ਵਾਲੇ ਅਤੇ ਕੌਣ ਕਲਯੁੱਗ ਦੇ ਰਹਿਣ ਵਾਲੇ ਹੁੰਦੇ ਹਨ - ਕੁਝ ਵੀ ਪਤਾ ਨਹੀਂ ਸੀ। ਹੁਣ ਬਾਪ ਨੇ ਸਮਝਾਇਆ ਹੈ, ਬਾਪ ਨੂੰ ਸ਼ਮਾਂ ਵੀ ਕਹਿੰਦੇ ਹਨ। ਉਨ੍ਹਾਂ ਵਿੱਚ ਲਾਈਟ ਵੀ ਹੈ ਅਤੇ ਮਾਈਟ ਵੀ ਹੈ। ਲਾਈਟ ਵਿੱਚ ਆਉਂਦੇ ਹੋ ਮਤਲੱਬ ਜਗਦੇ ਹੋ ਤਾਂ ਮਾਈਟ ਆ ਜਾਂਦੀ ਹੈ। ਤੁਹਾਡੀ ਉਮਰ ਵੀ ਵੱਡੀ ਹੋ ਜਾਂਦੀ ਹੈ। ਤੁਹਾਨੂੰ ਉਥੇ ਕਾਲ ਖਾ ਨਹੀਂ ਸਕਦਾ। ਖੁਸ਼ੀ ਨਾਲ ਇੱਕ ਸ਼ਰੀਰ ਛੱਡ ਦੂਸਰਾ ਲੈਂਦੇ ਹੋ। ਦੁੱਖ ਦੀ ਕੋਈ ਗੱਲ ਨਹੀਂ। ਜਿਵੇਂ ਇੱਕ ਖੇਡ ਹੋ ਜਾਂਦੀ ਹੈ। ( ਸੱਪ ਦਾ ਮਿਸਾਲ) ਤੁਸੀਂ ਸਤਿਯੁਗਤੋਂ ਲੈਕੇ ਕਲਯੁੱਗ ਤੱਕ ਪਾਰਟ ਵਜਾਇਆ ਹੈ। ਇਹ ਬੁੱਧੀ ਵਿੱਚ ਬੈਠ ਗਿਆ ਹੈ।

ਬਾਬਾ ਤੁਹਾਡਾ ਬਾਪ ਵੀ ਹੈ, ਟੀਚਰ ਵੀ ਹੈ, ਸਤਿਗੁਰੂ ਵੀ ਹੈ। ਇਹ ਸਿਰਫ ਬੱਚੇ ਹੀ ਨੰਬਰਵਾਰ ਪੁਰਸ਼ਾਰਥ ਅਨੁਸਾਰ ਜਾਣਦੇ ਹਨ। ਪੁਨਰਜਨਮ ਨੂੰ ਵੀ ਤੁਸੀਂ ਹੀ ਸਮਝਦੇ ਹੋ ਕਿ ਕਿੰਨੇ ਜਨਮ ਲੈਂਦੇ ਹੋ। ਬ੍ਰਾਹਮਣ ਧਰਮ ਵਿੱਚ ਤੁਸੀਂ ਕਿੰਨੇ ਜਨਮ ਲੈਂਦੇ ਹੋ? ( ਇਕ ਜਨਮ) ਕੋਈ ਦੋ ਤਿੰਨ ਜਨਮ ਵੀ ਲੈਂਦੇ ਹਨ। ਸਮਝੋ ਕੋਈ ਸ਼ਰੀਰ ਛੱਡਦੇ ਹਨ, ਉਹ ਸੰਸਕਾਰ ਬ੍ਰਾਹਮਣਪਨ ਦੇ ਲੈਕੇ ਜਾਂਦੇ ਹਨ। ਤਾਂ ਸੰਸਕਾਰ ਬ੍ਰਾਹਮਣਪਨ ਦੇ ਹੋਣ ਦੇ ਕਾਰਣ ਫਿਰ ਵੀ ਸੱਚੇ- ਸੱਚੇ ਬ੍ਰਾਹਮਣ ਕੁੱਲ ਵਿੱਚ ਆ ਜਾਣਗੇ। ਬ੍ਰਾਹਮਣ ਕੁੱਲ ਦੀਆਂ ਆਤਮਾਵਾਂ ਤਾਂ ਵਧਦੀਆਂ ਰਹਿਣਗੀਆਂ। ਬ੍ਰਾਹਮਣ ਕੁੱਲ ਦੇ ਸੰਸਕਾਰ ਤਾਂ ਲੈਕੇ ਜਾਂਦੇ ਹਨ ਨਾ। ਕੁੱਝ ਹਿਸਾਬ ਕਿਤਾਬ ਤਾਂ ਹੈ ਨਾ ਦੋ - ਤਿੰਨ ਜਨਮ ਵੀ ਲੈਂ ਸਕਦੇ ਹਨ। ਇਕ ਸ਼ਰੀਰ ਛੱਡ ਦੂਸਰਾ ਲੈਂਣਗੇ। ਆਤਮਾ ਬ੍ਰਾਹਮਣ ਕੁੱਲ ਤੋ ਦੈਵੀ ਕੁੱਲ ਵਿੱਚ ਜਾਵੇਗੀ। ਸ਼ਰੀਰ ਦੀ ਤਾਂ ਗੱਲ ਨਹੀਂ। ਹੁਣ ਤੁਸੀਂ ਬਾਪ ਦੇ ਬਣੇ ਹੋ। ਤੁਸੀਂ ਈਸ਼ਵਰ ਦੀ ਸੰਤਾਨ ਹੋ, ਫਿਰ ਪ੍ਰਜਾਪਿਤਾ ਬ੍ਰਹਮਾ ਦੀ ਵੀ ਸੰਤਾਨ ਹੋ। ਦੂਸਰਾ ਤੁਹਾਡਾ ਕੋਈ ਸਬੰਧ ਹੈ ਨਹੀਂ। ਬੇਹੱਦ ਦੇ ਬਾਪ ਦਾ ਬਣਨਾ ਕੋਈ ਘੱਟ ਗੱਲ਼ ਥੋੜ੍ਹੀ ਹੈ। ਤੁਸੀਂ ਸੁਖਧਾਮ ਦੇ ਮਾਲਿਕ ਬਣ ਜਾਂਦੇ ਹੋ। ਸਿਰਫ਼ ਵੱਡੇ ਬਾਪ ਨੂੰ ਤੁਸੀਂ ਪਹਿਚਾਣ ਲਿਆ ਹੈ ਤਾਂ ਵੀ ਤੁਹਾਡਾ ਬੇੜਾ ਪਾਰ ਹੋ ਜਾਵੇਗਾ। ਅੱਛਾ!

ਮਿੱਠੇ - ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ-ਪਿਤਾ ਬਾਪਦਾਦਾ ਦਾ ਯਾਦ-ਪਿਆਰ ਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1. ਆਪਣੇ ਆਪ ਤੋਂ ਪੁੱਛੋ ਕਿ 1. ਸਾਨੂੰ ਖੁਸ਼ੀ ਕਿੱਥੋਂ ਤੱਕ ਰਹਿੰਦੀ ਹੈ। 2. ਸਰਵਗੁਣ ਸੰਪੰਨ ਸੀ, ਹੁਣ ਸ਼੍ਰੀਮਤ ਤੇ ਫਿਰ ਬਣਨਾ ਹੈ, ਇਹ ਨਿਸ਼ਚੈ ਕਿੱਥੋਂ ਤੱਕ ਹੈ? 3. ਅਸੀਂ ਸਤੋਪ੍ਰਧਾਨ ਕਿਥੋਂ ਤੱਕ ਬਣੇ ਹਾਂ? 4.ਦਿਨ - ਰਾਤ ਸਤੋਪ੍ਰਧਾਨ ਬਣਨ ਦੀ ਫ਼ਿਕਰਾਤ ਰਹਿੰਦੀ ਹੈ?

**2.** ਬੇਹੱਦ ਬਾਪ ਦੇ ਨਾਲ ਵਿਸ਼ਵ ਦੀ ਖ਼ਿਦਮਤ (ਸੇਵਾ) ਕਰਨੀ ਹੈ। ਬੇਹੱਦ ਦੀ ਪੜ੍ਹਾਈ ਪੜ੍ਹਨੀ ਅਤੇ ਪੜ੍ਹਾਉਣੀ ਹੈ। ਦੇਹ ਸਮੇਤ ਜੋਂ ਵੀ ਬੰਧੰਨ ਹਨ ਉਨ੍ਹਾਂ ਨੂੰ ਬਾਪ ਦੀ ਯਾਦ ਨਾਲ ਖ਼ਤਮ ਕਰ ਦੇਣਾ ਹੈ।

ਵਰਦਾਨ:- ਮਾਲਿਕਪਨ ਦੀ ਸਮ੍ਰਿਤੀ ਦਵਾਰਾ ਮਨਮਨਾਭਵ ਦੀ ਸਥਿਤੀ ਬਨਾਉਣ ਵਾਲੇ ਮਾਸਟਰ ਸ੍ਰਵਸ਼ਕਤੀਮਾਨ ਭਵ।
ਸਦਾ ਇਹ ਸਮ੍ਰਿਤੀ ਇਮਰਜ ਰੂਪ ਵਿਚ ਰਹੇ ਕਿ ਮੈਂ ਆਤਮਾ " ਕਰਾਵਨਹਾਰ" ਹਾਂ, ਮਾਲਿਕ ਹਾਂ, ਵਿਸ਼ੇਸ਼ ਆਤਮਾ, ਮਾਸਟਰ ਸ੍ਰਵਸ਼ਕਤੀਮਾਨ ਹਾਂ - ਤਾਂ ਇਸ ਮਾਲਿਕਪਨ ਦੀ ਸਮ੍ਰਿਤੀ ਨਾਲ ਮਨ - ਬੁੱਧੀ ਅਤੇ ਸੰਸਕਾਰ ਆਪਣੇ ਕੰਟਰੋਲ ਵਿੱਚ ਰਹਿਣਗੇ। ਮੈਂ ਵੱਖ ਹਾਂ ਅਤੇ ਮਾਲਿਕ ਹਾਂ - ਇਸ ਸਮ੍ਰਿਤੀ ਨਾਲ ਮਨਮਨਾਭਵ ਦੀ ਸਥਿਤੀ ਸਹਿਜ ਬਣ ਜਾਵੇਗੀ। ਇਹ ਹੀ ਨਿਆਰੇਪਨ ਦਾ ਅਭਿਆਸ ਕਰਮਾਤੀਤ ਬਣਾ ਦੇਵੇਗਾ।

ਸਲੋਗਨ:- ਗਲਾਨੀ ਜਾਂ ਡਿਸਟਰਬੈਂਸ ਨੂੰ ਸਹਿਣ ਕਰਨਾ ਅਤੇ ਸਮਾਉਣਾ ਮਤਲਬ ਆਪਣੀ ਰਾਜਧਾਨੀ ਨਿਸ਼ਚਿਤ ਕਰਨਾ।

******

ਅਵਿਅਕਤ ਸਾਇਲੈਂਸ ਦਵਾਰਾ ਡਬਲ ਲਾਈਟ ਫਰਿਸ਼ਤਾ ਸਥਿਤੀ ਦਾ ਅਨੁਭਵ ਕਰੋ

ਸਾਇਲੈਂਸ ਮਤਲਬ ਸ਼ਾਂਤ ਸਵਰੂਪ ਆਤਮਾ, ਜਦੋਂ ਇਕਾਂਤ ਵਿਚ ਰਹਿੰਦੀ ਹੈ ਤਾਂ ਮਨ ਬੁੱਧੀ ਦੀ ਇਕਾਗ੍ਰਤਾ ਦਾ ਅਨੁਭਵ ਹੁੰਦਾ ਹੈ, ਉਸ ਇਕਾਗ੍ਰਤਾ ਨਾਲ ਵਿਸ਼ੇਸ਼ ਦੋ ਸ਼ਕਤੀਆਂ ਪ੍ਰਾਪਤ ਹੁੰਦੀਆਂ ਹਨ - ਇੱਕ ਪਰਖਣ ਦੀ ਸ਼ਕਤੀ ਅਤੇ ਦੂਸਰੀ ਨਿਰਣੈ ਕਰਨ ਦੀ ਸ਼ਕਤੀ ਇਹ ਹੀ ਵਿਸ਼ੇਸ਼ ਦੋ ਸ਼ਕਤੀਆਂ ਵਿਵਹਾਰ ਅਤੇ ਪਰਮਾਰਥ ਦੋਵਾਂ ਦੀ ਸ੍ਰਵ ਸਮੱਸਿਆਵਾਂ ਨੂੰ ਹੱਲ ਕਰ ਦਿੰਦੀ ਹੈ, ਇਸ ਤੋਂ ਸਹਿਜ ਹੀ ਡਬਲ ਲਾਈਟ ਫਰਿਸ਼ਤਾ ਸਥਿਤੀ ਬਣ ਜਾਂਦੀ ਹੈ।